# GLOBAL SIKH COUNCIL

International Voice of The Sikhs

Registered charity UK number 1186311

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ
ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ,

ਅੰਮ੍ਰਿਤਸਰ

ਪਰਮ ਸਤਿਕਾਰਯੋਗ ਜੱਥੇਦਾਰ ਸਾਹਿਬ ਜੀ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!

ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ 1 ਸਤੰਬਰ 2020 ਨੂੰ ਅਨੇਕਾਂ ਗੁਰਸਿੱਖਾ ਵਲੋਂ ਅਤੇ ਕਈ ਜਥੇਬੰਦੀਆਂ ਵਲੋਂ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਪੰਜਾਬ, ਦਿੱਲੀ ਅਤੇ ਸੰਸਾਰ ਭਰ ਦੇ ਕਈ ਸ਼ਹਿਰਾਂ ਵਿਚ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਉਸੇ ਹੀ ਦਿਨ ਇਕ ਬਹੁਤ ਹੀ ਡੂੰਗੀ ਸਾਜਸ਼ ਦੇ ਤਹਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਤਿਹਾਸਕ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਦਸਮ ਗ੍ਰੰਥ ਵਿੱਚੋਂ ਬਚਿੱਤਰ ਨਾਟਕ ਦੀ ਕਥਾ ਕਰਨੀ ਅਰੰਭ ਕਰਵਾਈ।ਸੱਚੇ ਪਾਤਸ਼ਾਹ ਦੇ ਪਹਿਲੇ ਪ੍ਰਕਾਸ਼ ਪੁਰਬ ਵਾਲੇ ਦਿਨ ਇਸ ਤਰ੍ਹਾਂ ਕਰਨਾ ਬਹੁਤ ਹੀ ਦੁਖਦਾਈ ਅਤੇ ਮੰਦਭਾਗਾਂ ਹੈ ਅਤੇ ਸਿੱਖੀ ਦੇ ਮੂਲ ਅਸੂਲਾਂ ਤੇ ਸਿੱਧਾ ਹਮਲਾ ਹੈ।

ਸਥਾਨਕ ਗੁਰਸਿੱਖਾ ਵਲੋਂ ਮੁਖਾਲਫਤ ਕਰਨ ਦੇ ਬਾਵਜੂਦ ਇਹ ਕਥਾ ਹਰ ਰੋਜ਼ ਹੋ ਰਹੀ ਹੈ ਜਿਸ ਨਾਲ ਸਿੱਖਾ ਵਿੱਚ ਆਪਸੀ ਤਣਾਅ ਵੱਧ ਰਿਹਾ ਹੈ। ਦਿੱਲੀ ਕਮੇਟੀ ਦੇ ਮੈਂਬਰਾ ਦੇ ਸਲਾਹਕਾਰਾ ਵੱਲੋਂ ਫੇਸਬੁੱਕ ਤੇ ਲਿਖਿਆ ਜਾ ਰਿਹਾ ਹੈ ਕਿ ਛੇਤੀ ਹੀ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਦਸਮ ਗ੍ਰੰਥ ਦਾ ਪ੍ਰਕਾਸ਼ ਵੀ ਕੀਤਾ ਜਾਵੇਗਾ। ਸਾਨੂੰ ਖਬਰਾਂ ਰਾਂਹੀ ਪਤਾ ਚਲਿਆ ਹੈ ਕਿ ਕਲ ਸਵੇਰੇ 4 ਸਤੰਬਰ ਨੂੰ ਕੁਝ ਜਥੇਬੰਦੀਆਂ ਵਲੋਂ ਗੁਰਦੁਆਰਾ ਬੰਗਲਾ ਸਾਹਿਬ ਦੇ ਬਾਹਰ ਰੋਸ ਮੁਜਾਹਿਰਾ ਵੀ ਰਖਿਆ ਗਿਆ ਹੈ। ਇਹ ਸਭ ਬਹੁਤ ਹੀ ਚਿੰਤਾ ਦਾ ਕਾਰਣ ਹੈ।

**President:** Lady Singh (Dr Kanwaljit Kaur OBE)
Tel: +44 (0) 7716 497376
Email: kaursingh3@aol.com

**Secretary**: S Jagjit Singh LLB Hons Lon, CLP M'sia
Tel: +60 12 658 7456
Email: GSCsecretariat@yahoo.com

**Member Organizations From:**
Afghanistan Australia Bangladesh Bahrain Belgium Canada Dubai (UAE) France Germany Hong Kong
India Indonesia Ireland Italy Kenya Malaysia Myanmar Nepal New Zealand
Pakistan Portugal Spain Switzerland Thailand UK Uganda USA

# GLOBAL SIKH COUNCIL

International Voice of The Sikhs

ਪੰਜਾਬ ਤੋਂ ਕੋਹਾਂ ਦੂਰ ਬੈਠੇ ਅਸੀ ਬਹੁਤ ਚਿੰਤਤ ਹਾਂ ਕਿ ਅਕਾਲ ਤਖਤ ਸਾਹਿਬ ਨੇ ਇਸ ਮਸਲੇ ਬਾਰੇ ਸਪਸ਼ਟ ਫੈਸਲਾ ਸੁਣਾਇਆ ਹੋਇਆ ਹੈ ਪਰ ਫਿਰ ਵੀ ਵੱਡੇ ਸਿੱਖ ਅਦਾਰੇ  ਸਿੱਖ ਕੌਮ ਦੇ ਜਜ਼ਬਾਤਾਂ ਨਾਲ ਕਿਉਂ ਖੇਡਦੇ ਹਨ

23 ਜੇਠ ਸੰਮਤ ਨਾਨਕਸ਼ਾਹੀ 540 ਦੇ ਹਿਸਾਬ ਬਾਲ 6 ਜੂਨ 2008 ਨੂੰ ਸ੍ਰੀ ਅਕਾਲ ਤਖਤ ਸਾਹਿਬ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤ੍ਰਤਾ ਵਿਚ ਇਕ ਗੁਰਮਤਾ ਪਰਵਾਨ ਕੀਤਾ ਗਿਆ ਸੀ, ਜਿਸਤੇ ਜੱਥੇਦਾਰ ਗਿਆਨੀ ਜੋਗਿੰਦਰ ਸਿੰਘ ਵਿਦਾਂਤੀ ਜੀ ਦੇ ਦਸਤਖਤ ਹਨ ਅਤੇ ਜੋ ਇਸ ਵਿਸ਼ੇ ਤੇ ਸਪਸ਼ਟ ਸ਼ਬਦਾ ਵਿਚ ਸੇਧ ਦਿੰਦਾ ਹੈ:

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 300 ਸਾਲਾ ਗੁਰਤਾ ਗੱਦੀ ਦਿਵਸ ਸਮੁੱਚੇ ਸਿੱਖ ਪੰਥ ਲਈ ਗੁਰੂ ਗਰੰਥ-ਗੁਰੂ ਪੰਥ ਦੇ ਸਿਧਾਂਤ ਪ੍ਰਤੀ ਵਚਨਬੱਧਤਾ ਪ੍ਰਗਟਾਉਣ ਦਾ ਸੁਨਹਿਰੀ ਮੋਕਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਹੁਕਮ ਸਭ ਸਿੱਖਨ ਕੋ ਹੁਕਮੁ ਹੈ ਗੁਰੂ ਮਾਨਿਉ ਗਰੰਥ ਤੇ ਸਿੱਖ ਪੰਥ ਅਮਲ ਕਰਦਿਆਂ ਹੋਇਆਂ ਹਮੇਸ਼ਾ ਹੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਆਪਣਾ ਜਾਗਤਿ-ਜੋਤਿ ਸਤਿਗੁਰੂ ਸਵੀਕਾਰ ਕੇ ਦ੍ਰਿੜ੍ਹਤਾ ਸਹਿਤ ਪਹਿਰਾ ਦਿੰਦਾ ਆਇਆ ਹੈ। ਸਿੱਖ ਪੰਥ ਨੇ ਹਰ ਕੌਮੀ ਸੰਕਟ ਦੀ ਨਿਵ੍ਰਤੀ ਲਈ ਜੁਗੋ-ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੋਂ ਰਹਿਨੁਮਾਈ ਗ੍ਰਹਿਣ ਕੀਤੀ ਹੈ।  ਦਸਮ ਗਰੰਥ ਸਬੰਧੀ ਖੜਾ ਕੀਤਾ ਗਿਆ ਵਿਵਾਦ ਬਿਲਕੁਲ ਬੇਲੋੜਾ ਹੈ। ਸਿੱਖ ਪੰਥ ਵਲੋਂ ਦਸਮ ਗਰੰਥ ਦੀਆਂ ਜਿਨ੍ਹਾ ਰਚਨਾਵਾਂ ਨੂੰ ਸਿੱਖ ਰਹਿਤ ਮਰਯਾਦਾ, ਨਿਤਨੇਮ ਅਤੇ ਅੰਮ੍ਰਿਤ ਸੰਚਾਰ ਲਈ ਸਵੀਕਾਰ ਕੀਤਾ ਜਾ ਚੁੱਕਾ ਹੈ, ਉਨ੍ਹਾਂ ਬਾਰੇ ਕਿਸੇ ਨੂੰ ਵੀ ਵਾਦ-ਵਿਵਾਦ ਖੜਾ ਕਰਨ ਦਾ ਕੋਈ ਅਧਿਕਾਰ ਨਹੀ। ਸਮੁੱਚੇ ਸਿੱਖ ਪੰਥ ਨੂੰ ਵਿਦਿਤ ਹੋਵੇ ਕਿ ਦਸਮ ਗਰੰਥ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਬਰਾਬਰ ਮਾਨਤਾ ਨਹੀ ਦਿੱਤੀ। ਆਪ ਜੀ ਵਲੋਂ ਗੁਰਤਾ ਗੱਦੀ ਕੇਵਲ ਅਤੇ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਮਿਲੀ ਹੈ, ਇਸ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਬਰਾਬਰ ਹੋਰ ਕਿਸੇ ਗਰੰਥ ਦਾ ਪ੍ਰਕਾਸ਼ ਨਹੀ ਕੀਤਾ ਜਾ ਸਕਦਾ।

ਇਸ ਬਾਰੇ ਵਿਵਾਦ ਅਗੇ ਵਧੇ ਉਸ ਤੋਂ ਪਹਿਲਾਂ ਅਕਾਲ ਤਖਤ ਸਾਹਿਬ ਨੂੰ ਸੰਜੀਦਗੀ ਨਾਲ ਦਖਲਅੰਦਾਜ਼ੀ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੌਰਾਨ ਗੁਰਦੁਆਰਾ ਬੰਗਲਾ ਸਾਹਿਬ ਵਿਚ ਹੋ ਰਹੀ ਦਸਮ ਗ੍ਰੰਥ ਦੀ ਕਥਾ ਨੂੰ ਰੋਕਣਾ ਚਾਹੀਦਾ ਹੈ।

ਅਸੀ ਆਪ ਜੀ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਇਸ ਕਥਾ ਨੂੰ ਤੁਰੰਤ ਰੋਕਿਆ ਜਾਵੇ ਨਹੀ^ ਤਾ ਕਥਾ ਕਰਾਉਣ ਵਾਲਿਆ ਵਿੱਚ ਅਤੇ ਕਥਾ ਦੀ ਮੁਖਾਲਫਤ ਕਰਨ ਵਾਲਿਆ^ ਵਿੱਚ ਖਿੱਚੋ-ਤਾਣ ਹੋਰ ਵੱਧ ਸਕਦਾ ਹੈ ਜੋ ਕਿ ਚੰਗੀ

**President:** Lady Singh (Dr Kanwaljit Kaur OBE)
Tel: +44 (0) 7716 497376
Email: kaursingh3@aol.com

**Secretary**: S Jagjit Singh LLB Hons Lon, CLP M'sia
Tel: +60 12 658 7456
Email: GSCsecretariat@yahoo.com

**Member Organizations From:**
Afghanistan Australia Bangladesh Bahrain Belgium Canada Dubai (UAE) France Germany Hong Kong India Indonesia Ireland Italy Kenya Malaysia Myanmar Nepal New Zealand Pakistan Portugal Spain Switzerland Thailand UK Uganda USA

ਗਲ ਨਹੀ ਹੋਵੇਗੀ। ਆਪਜੀ ਵਲੋਂ ਇਹ ਦ੍ਰਿੜਤਾ ਨਾਲ ਦੁਹਰਾਇਆ ਜਾਣਾ ਚਾਹੀਦਾ ਹੈ ਕਿ "ਗੁਰੂ ਮਾਨਿਉ ਗ੍ਰੰਥ ਦੇ ਸਿਧਾਂਤ ਨਾਲ ਖਿਲਵਾੜ ਬਰਦਾਸ਼ਤ ਨਹੀ ਕੀਤਾ ਜਾਵੇਗਾ। ਇਸ ਬਾਬਤ ਦੋਸ਼ੀ ਸਿੱਖ ਆਗੂਆਂ ਨੂੰ ਤਾੜਨਾ ਵੀ ਕੀਤੀ ਜਾਣੀ ਚਾਹੀਦੀ ਹੈ।

ਧੰਨਵਾਦ ਸਹਿਤ

ਕੰਵਲਜੀਤ ਕੌਰ

ਪ੍ਰਧਾਨ, ਗਲੋਬਲ ਸਿੱਖ ਕਾਉਂਸਲ

3 ਸਤੰਬਰ 2020

**President:** Lady Singh (Dr Kanwaljit Kaur OBE)
Tel: +44 (0) 7716 497376
Email: kaursingh3@aol.com

**Secretary**: S Jagjit Singh LLB Hons Lon, CLP M'sia
Tel: +60 12 658 7456
Email: GSCsecretariat@yahoo.com